Coventry City Council

NHS
University Hospitals
Coventry and Warwickshire
NHS Trust

# ਸਥਾਨਕ ਏਕੀਕਿਰਤ ਟੀਮ - ਘਰ ਵਿਖੇ ਦੇਖਭਾਲ

ਇਹ ਲੀਫ਼ਲੈੱਟ ਦੱਸਦਾ ਹੈ ਕਿ ਜਦੋਂ ਤੁਸੀਂ ਹਸਪਤਾਲ ਤੋਂ ਛੁੱਟੀ ਲੈਂਦੇ ਹੋ ਤਾਂ ਸਥਾਨਕ ਏਕੀਕ੍ਰਿਤ ਟੀਮ (LIT) ਤੁਹਾਡੀ ਕਿਵੇਂ ਮਦਦ ਕਰਦੀ ਹੈ।

## ਤੁਹਾਡੀ ਵਾਸਤੇ ਕੀ ਮਾਇਨੇ ਰੱਖਦਾ ਹੈ

ਹਸਪਤਾਲ ਤੋਂ ਛੁੱਟੀ ਲੈਣ ਤੋਂ ਪਹਿਲਾਂ ਤੁਸੀਂ ਆਪਣੀਆਂ ਦੇਖਭਾਲ ਦੀਆਂ ਜ਼ਰੂਰਤਾਂ ਬਾਰੇ ਸਾਡੇ ਨਾਲ ਚਰਚਾ ਕਰੋਗੇ। ਤੁਹਾਡੀਆਂ ਦੇਖਭਾਲ ਦੀਆਂ ਜ਼ਰੂਰਤਾਂ ਤੁਹਾਡੇ ਲਈ ਖਾਸ ਹਨ। ਅਸੀਂ ਪੁੱਛਾਂਗੇ, "ਤੁਹਾਡੇ ਵਾਸਤੇ ਕੀ ਮਾਇਨੇ ਰੱਖਦਾ ਹੈ?" ਇਸ ਲਈ ਅਸੀਂ ਤੁਹਾਡੀ ਰਿਕਵਰੀ ਲਈ ਮਿਲ ਕੇ ਕੰਮ ਕਰ ਸਕਦੇ ਹਾਂ।

## ਅਸੀਂ ਘਰ ਵਿੱਚ ਤੁਹਾਡੀ ਸਹਾਇਤਾ ਕਿਵੇਂ ਕਰਦੇ ਹਾਂ

ਸਥਾਨਕ ਏਕੀਕ੍ਰਿਤ ਟੀਮ ਹੈਲਥ ਅਤੇ ਸੋਸ਼ਲ ਕੇਅਰ ਸਟਾਫ ਦੀ ਬਣੀ ਹੋਈ ਹੈ ਜੋ ਤੁਹਾਡੀ ਦੇਖਭਾਲ ਪ੍ਰਦਾਨ ਕਰਨ ਲਈ ਮਿਲ ਕੇ ਕੰਮ ਕਰਦੇ ਹਨ। ਰੋਜ਼ਾਨਾ ਜੀਵਨ ਦੇ ਕੰਮਾਂ ਵਿੱਚ ਤੁਹਾਡੀ ਮਦਦ ਕਰਨ ਲਈ ਦੇਖਭਾਲ ਕਰਨ ਵਾਲੇ ਤੁਹਾਨੂੰ ਘਰ ਮਿਲਣਗੇ।

ਇਸ ਵਿੱਚ ਇਹ ਸ਼ਾਮਲ ਹੋ ਸਕਦਾ ਹੈ:

- ਨਿੱਜੀ ਦੇਖਭਾਲ ਲਈ ਸਹਾਇਤਾ, ਜਿਵੇਂ ਕਿ ਕੱਪੜੇ ਧੋਣਾ, ਨਹਾਉਣਾ, ਕੱਪੜੇ ਪਾਉਣਾ, ਅਤੇ ਟਾਇਲਟ ਜਾਣਾ
- ਭੋਜਨ ਤਿਆਰ ਕਰਨ ਵਿੱਚ ਸਹਾਇਤਾ
- ਹਸਪਤਾਲ ਤੋਂ ਛੁੱਟੀ ਲੈਣ ਅਤੇ ਤੁਹਾਡੀ ਰਿਕਵਰੀ ਲਈ ਸਹਾਇਤਾ
- ਤੁਹਾਡੀ ਸੁਤੰਤਰਤਾ ਮੁੜ ਪ੍ਰਾਪਤ ਕਰਨ ਲਈ ਇੱਕ ਥੈਰੇਪਿਸਟ ਤੋਂ ਸਹਾਇਤਾ। ਇਸ ਦਾ ਮੁਲਾਂਕਣ ਸਾਡੀ ਟੀਮ ਦੁਆਰਾ ਸ਼ੁਰੂ ਵਿੱਚ ਕੀਤਾ ਜਾਵੇਗਾ

ਦੇਖਭਾਲਕਰਤਾ ਘਰ ਦੇ ਕੰਮ ਅਤੇ ਲਾਂਡਰੀ ਵਰਗੇ ਕੰਮਾਂ ਵਿੱਚ ਸਹਾਇਤਾ ਨਹੀਂ ਕਰਨਗੇ।

## ਘਰ ਵਿਖੇ ਰਿਕਵਰੀ

ਅਸੀਂ ਇੱਕ ਟੀਮ ਹਾਂ ਜੋ ਤੁਹਾਨੂੰ ਸਾਡੇ ਸਮਰਥਨ ਨਾਲ ਜਿੰਨਾ ਸੰਭਵ ਹੋ ਸਕੇ ਸੁਤੰਤਰ ਹੋਣ ਲਈ ਉਤਸ਼ਾਹਿਤ ਕਰਦੀ ਹੈ।

ਤੁਹਾਡੀ ਦੇਖਭਾਲ ਅਤੇ ਥੈਰੇਪੀ ਦੀ ਨਿਯਮਿਤ ਤੌਰ 'ਤੇ ਸਮੀਖਿਆ ਕੀਤੀ ਜਾਵੇਗੀ। ਇਹ ਯਕੀਨੀ ਬਣਾਉਣ ਲਈ ਹੈ ਕਿ ਤੁਹਾਡੀਆਂ ਜ਼ਰੂਰਤਾਂ ਪੂਰੀਆਂ ਹੋ ਗਈਆਂ ਹਨ, ਅਤੇ ਤੁਹਾਡੀ ਸੁਤੰਤਰਤਾ ਮੁੜ ਪ੍ਰਾਪਤ ਕਰਨ ਲਈ ਤੁਹਾਨੂੰ ਸਮਰਥਨ ਦਿੱਤਾ ਜਾ ਰਿਹਾ ਹੈ।

ਇਹ ਸਹਾਇਤਾ 6 ਹਫ਼ਤਿਆਂ ਲਈ ਹੈ, ਪਰ ਤੁਹਾਨੂੰ ਘੱਟ ਸਮੇਂ ਲਈ ਇਸਦੀ ਲੋੜ ਹੋ ਸਕਦੀ ਹੈ।
ਅਸੀਂ ਤੁਹਾਡੇ ਨਾਲ ਇਸ ਬਾਰੇ ਚਰਚਾ ਕਰਾਂਗੇ।

ਜੇਕਰ ਤੁਹਾਡੀਆਂ ਜ਼ਰੂਰਤਾਂ ਘਰ ਵਿੱਚ ਪੂਰੀਆਂ ਨਹੀਂ ਹੋ ਸਕਦੀਆਂ ਤਾਂ ਅਸੀਂ ਤੁਹਾਡੇ ਨਾਲ ਤੁਹਾਡੇ ਵਿਕਲਪਾਂ ਬਾਰੇ ਚਰਚਾ ਕਰਾਂਗੇ। ਅਸੀਂ ਉਹਨਾਂ ਵਿਕਲਪਾਂ 'ਤੇ ਚਰਚਾ ਕਰਾਂਗੇ ਜੋ ਤੁਹਾਨੂੰ ਹਸਪਤਾਲ ਵਾਪਸ ਆਉਣ ਤੋਂ ਰੋਕ ਸਕਦੇ ਹਨ।

## ਮੁਲਾਂਕਣ

ਅਸੀਂ ਤੁਹਾਡੀ ਦੇਖਭਾਲ ਅਤੇ ਸਹਾਇਤਾ ਜ਼ਰੂਰਤਾਂ ਦਾ ਮੁਲਾਂਕਣ ਕਰਾਂਗੇ। ਇਹ ਸੰਭਵ ਹੈ ਕਿ ਤੁਹਾਡੇ ਸਮਾਜਿਕ ਦੇਖਭਾਲ ਦੇ ਮੁਲਾਂਕਣ ਦੇ ਪਹਿਲੇ ਦਿਨ ਤੋਂ ਖ਼ਰਚੇ ਹੋ ਸਕਦੇ ਹਨ।

ਤੁਹਾਨੂੰ ਵਿੱਤੀ ਮੁਲਾਂਕਣ ਵਿੱਚ ਮਦਦ ਮਿਲੇਗੀ ਅਤੇ ਟੀਮ ਦਾ ਇੱਕ ਮੈਂਬਰ ਉਪਲਬਧ ਮਦਦ ਦੀ ਵਿਆਖਿਆ ਕਰੇਗਾ।

## ਸੰਪਰਕ ਜਾਣਕਾਰੀ

**ਸਥਾਨਕ ਏਕੀਕਿਰਤ ਟੀਮ** ਫ਼ੋਨ 02476 833003

ਜੇਕਰ ਤੁਹਾਨੂੰ ਇਹ ਜਾਣਕਾਰੀ ਕਿਸੇ ਹੋਰ ਭਾਸ਼ਾ ਜਾਂ ਫਾਰਮੈਟ ਵਿੱਚ ਚਾਹੀਦੀ ਹੈ, ਤਾਂ ਕਿਰਪਾ ਕਰਕੇ ascdirect@coventry.gov.uk 'ਤੇ ਈਮੇਲ ਕਰੋ ਜਾਂ 02476 833033 'ਤੇ ਫ਼ੋਨ ਕਰੋ।

UHCW ਦੀ ਤੰਬਾਕੂਨੋਸ਼ੀ ਮੁਕਤ ਨੀਤੀ ਹੈ।

## ਕੀ ਅਸੀਂ ਸਹੀ ਸਮਝਿਆ?

ਅਸੀਂ ਚਾਹੁੰਦੇ ਹਾਂ ਕਿ ਤੁਸੀਂ ਸਾਨੂੰ ਦੱਸੋਂ ਕਿ ਤੁਸੀਂ ਸਾਡੀਆਂ ਸੇਵਾਵਾਂ ਬਾਰੇ ਕੀ ਸੋਚਦੇ ਹੋ। ਇਸ ਨਾਲ ਸਾਨੂੰ ਅੱਗੇ ਹੋਰ ਸੁਧਾਰ ਕਰਨ ਅਤੇ ਵਧੀਆ ਸੇਵਾ ਪ੍ਰਦਾਨ ਕਰਨ ਵਾਲੇ ਸਟਾਫ਼ ਮੈਂਬਰਾਂ ਨੂੰ ਮਾਨਤਾ ਦੇਣ ਵਿੱਚ ਮਦਦ ਮਿਲਦੀ ਹੈ।

ਆਪਣੀ ਗੱਲ ਕਹੋ। QR ਕੋਡ ਸਕੈਨ ਕਰੋ ਜਾਂ ਇਸ 'ਤੇ ਜਾਓ:
www.uhcw.nhs.uk/feedback

ਅੱਪਡੇਟ ਕੀਤੀ: ਫਰਵਰੀ 2025 ਸਮੀਖਿਆ: ਦਸੰਬਰ 2027 ਵਰਜ਼ਨ: 1.1 ਸੰਦਰਭ: HIC/LFT/2986/24